੧ੳ ਸਤਿਗੁਰ ਪ੍ਰਸਾਦਿ

ਟ੍ਰੈਕਟ ਨੰ: ੫੧

# ਗੁਰੂ ਤੇਗ ਬਹਾਦੁਰ ਜੀ ਦਾ ਇਕ ਉਪਦੇਸ਼ ਅਤੇ ਬੇੜਾ ਬੰਨ੍ਹੇ ਕਿਵੇਂ ਲਗਾ ?

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ
ਪਟਿਆਲਾ

MATA GUJRI LIBRARY
S.G.T. GURDWARA
106 EAST PARK ROAD
LEICESTER,
TEL: (0116) 276 0517

| ਨਵੰਬਰ | ਸੰਮਤ ਖਾਲਸਾ | ਦੂਜੀ ਵਾਰ |
|---|---|---|
| 1995 | 297 | 20000 |

ਭੇਟਾ:- ਆਪ ਪੜ੍ਹਕੇ ਕੇ ਹੋਰਨਾਂ ਨੂੰ ਪੜ੍ਹਾਓ

੧ੴ ਵਾਹਿਗੁਰ ਜੀ ਕੀ ਫਤਹ

# ਜਾਗਹੁ ਜਾਗਰੁ ਸੁਤਿਹੋ

(ਸ੍ਰੀ ਗੁਰੂ ਨਾਨਕ ਦੇਵ ਜੀ)

## ਸਿੰਘੋ, ਆਲਾ ਦੁਆਲਾ ਸੰਭਾਲੋ !

- ਸਿੱਖ ਕੌਮ ਨੂੰ ਨਸ਼ਿਆਂ ਤੋਂ ਮਿਲ ਰਹੀ ਨਮੋਸ਼ੀ ਤੋਂ ਬਚਾਓ ।
- ਖ਼ਾਲਸਾ ਸਰੂਪ ਤੇ ਚਰਿਤਰ ਨੂੰ ਢਾਅ ਲਗ ਰਹੀ ਹੈ। ਪੰਥ ਦਰਦੀ ਵੇਲਾ ਸੰਭਾਲਣ ।
- ਬੱਚਿਆਂ ਨੂੰ ਪਾਨ ਖਾਣ ਤੋਂ ਰੋਕੋ ਨਹੀਂ ਤਾਂ ਉਹ ਜਗਤ ਜੂਠ ਤੰਬਾਕੂ ਵੀ ਛੱਕਣਗੇ । ਇਹ ਪਤਿਤ ਕਰਮ ਹੈ ।
- ਬੱਚਿਆਂ ਦੇ ਕੇਸਾਂ ਵਿਚ ਕੰਘਾ ਤੇ ਸਿਰ ਤੇ ਦਸਤਾਰ ਜ਼ਰੂਰ ਹੋਣੀ ਚਾਹੀਦੀ ਹੈ । ਨੰਗਾ ਸਿਰ ਕੋਝਾ ਕਰਮ ਹੈ ।
- ਪੰਜਾਬੀ ਤੁਹਾਨੂੰ ਮਾਂ ਦੇ ਦੁੱਧ ਨਾਲ ਮਿਲੀ ਹੈ ਇਸ ਨੂੰ ਮਾਂ ਵਾਲਾ ਪਿਆਰ ਦਿਓ ।
- ਪੰਜਾਬੀ ਤੁਹਾਡੇ ਗੁਰੂ ਦੀ ਬੋਲੀ ਹੈ । ਇਸ ਨੂੰ ਗੁਰੂ ਵਾਲਾ ਪਿਆਰ ਦਿਓ ।
- ਪੰਜਾਬੀ ਤੁਹਾਡੇ ਦੇਸ਼ ਪਿਆਰ ਦੀ ਜ਼ਾਮਨ ਹੈ ਇਸ ਤੋਂ ਮੂੰਹ ਮੋੜਨਾ ਦੇਸ਼ ਦਾ ਗ਼ਦਾਰ ਹੋਣਾ ਹੈ । ਇਸ ਲਈ ਪੰਜਾਬੀ ਪੜ੍ਹ, ਪੰਜਾਬੀ ਲਿਖੋ ਪੰਜਾਬੀ ਬੋਲੋ । ਅਤੇ ਕਦੀ ਕਦਾਈਂ ਇਸ ਭੁੱਲੀ ਵਿਸਰੀ ਮਾਂ ਲਈ ਬਹੁਤਾ ਨਹੀਂ ਤੇ ਚਾਹ ਦੀ ਪਿਆਲੀ ਜਿੰਨਾ ਹੀ ਖਰਚ ਕਰ ਦਿਓ ।

ਗੁਰੂ ਤੇਗ ਬਹਾਦਰ ਜੀ ਦਾ ਇਕ ਉਪਦੇਸ਼

# ਉਸਤਤਿ ਨਿੰਦਾ ਦੋਊ ਤਿਆਗੈ

ਇਹ ਉਪਰਲੀ ਪੰਗਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਉਚਾਰਣ ਕੀਤੀ ਹੋਈ ਹੈ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੨੧੯ ਉਪਰ ਦਰਜ ਹੈ। ਇਸ ਵਿਚ ਮਹਾਰਾਜ ਸਾਨੂੰ ਉਸਤਤ ਅਤੇ ਨਿੰਦਾ ਦੋਹਾਂ ਨੂੰ ਤਿਆਗਣ ਦਾ ਉਪਦੇਸ਼ ਦੇਂਦੇ ਹਨ।

ਉਸਤਤ ਦਾ ਅਰਥ ਹੈ ਵਡਿਆਈ, ਸਿਫਤ ਜਾਂ ਖੁਸ਼ਾਮਦ। ਨਿੰਦਾ ਦਾ ਅਰਥ ਹੈ ਕਿਸੇ ਨੂੰ ਬੁਰਾ (ਭੈੜਾ) ਕਹਿਣਾ।

ਅਜ ਕਲ ਆਮ ਕਰ ਕੇ ਅਸਲ ਜਾਂ ਠੀਕ ਗੱਲ ਨੂੰ ਵਧਾ ਚੜ੍ਹਾ ਕੇ ਪ੍ਰਗਟ ਕਰਨ ਨੂੰ ਜਿਥੇ ਉਸਤਤ ਕਿਹਾ ਜਾਂਦਾ ਹੈ ਉਥੇ ਅਸਲ ਨੂੰ ਘਟਾ ਕੇ ਜਾਂ ਭੰਨ ਤਰੋੜ ਕੇ ਪ੍ਰਗਟ ਕਰਨ ਨੂੰ ਮੋਟੇ ਅੱਖਰਾਂ ਚ ਅਸੀਂ ਨਿੰਦਾ ਕਹਿ ਸਕਦੇ ਹਾਂ।

ਜਦ ਅਸੀਂ ਕਿਸੇ ਦੀ ਕੋਈ ਛੋਟੀ ਜਿਹੀ ਚੰਗੀ ਗੱਲ ਨੂੰ ਵਧਾ ਚੜ੍ਹਾ ਕੇ ਇਸ ਤਰ੍ਹਾਂ ਪ੍ਰਗਟ ਕਰਦੇ ਹਾਂ, ਮਾਨੋ ਉਹ ਮਨੁਖ ਨਿਰਾ ਚੰਗਿਆਈ ਦਾ ਪੁਤਲਾ ਹੈ, ਤਾਂ ਇਹ ਉਸਤਤ ਝੂਠੀ ਹੁੰਦੀ ਹੈ। ਇਸ ਨੂੰ ਖੁਸ਼ਾਮਦ ਵੀ ਕਹਿੰਦੇ ਹਨ।

ਇਸੇ ਤਰ੍ਹਾਂ ਕਿਸੇ ਦੀ ਮਾੜੀ ਮੋਟੀ ਗਲਤੀ ਜਾਂ ਕਮਜ਼ੋਰੀ ਨੂੰ ਅਸੀਂ ਜਦ ਵਧਾ ਚੜ੍ਹਾ ਕੇ, ਪ੍ਰਗਟ ਕਰਦੇ ਹਾਂ ਤਾਂ ਇਹ ਨਿੰਦਿਆ ਹੁੰਦੀ ਹੈ। ਇਹ ਵੀ ਝੂਠ ਹੀ ਹੁੰਦਾ ਹੈ। ਸੋ ਇਸ ਤਰ੍ਹਾਂ ਦੀ ਉਸਤਤ ਅਤੇ ਨਿੰਦਿਆ ਜਿਸ ਵਿਚ ਝੂਠ ਹੁੰਦਾ ਹੈ, ਉਸ ਨੂੰ ਮਹਾਰਾਜ ਸਾਨੂੰ ਤਿਆਗ ਦੇਣ ਦਾ ਉਪਦੇਸ਼ ਦੇਂਦੇ ਹਨ। ਕਿਉਂਕਿ ਮਹਾਰਾਜ ਇਕ ਥਾਂ ਹੋਰ ਬਾਣੀ ਵਿਚ ਲਿਖਦੇ ਹਨ —

ਕੂੜਿ ਬੋਲਿ ਬਿਖੁ ਖਾਵਣੀ ॥
ਬਹੁ ਵਧਹਿ ਵਿਕਾਰਾ ਰਾਮ ॥ (੫੭੦)

ਭਾਵ ਝੂਠ ਬੋਲ-ਬੋਲ ਕੇ (ਆਤਮਕ ਮੌਤ ਲਿਆਉਣ ਵਾਲੀ ਮੋਹ ਦੀ) ਜ਼ਹਿਰ ਖਾਧੀ ਜਾਂਦੀ ਹੈ, (ਜਿਸ ਕਰਕੇ ਮਨੁੱਖ ਅੰਦਰ) ਅਨੇਕਾਂ ਵਿਕਾਰ ਵਧਦੇ ਜਾਂਦੇ ਹਨ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਜੋ ਵੀ ਗੱਲ ਕਰੀਏ ਉਹ ਨ ਵਧਾ ਕੇ ਕਰੀਏ, ਨ ਘਟਾ ਕੇ। ਪਰ ਜਿੰਨ੍ਹਾਂ ਲੋਕਾਂ ਨੂੰ ਗੱਲਾਂ ਵਧਾ-ਘਟਾ ਕੇ ਕਰਨ ਦਾ ਸਵਾਦ ਪੈ ਜਾਏ ਉਹ ਕਿਸ ਤਰ੍ਹਾਂ ਹਟ ਸਕਦੇ ਹਨ ? ਐਸੇ ਲੋਕ ਨਾ ਸਿਫਤ ਕਰਨ ਵੇਲੇ ਅੱਗਾ-ਪਿੱਛਾ ਦੇਖਦੇ ਹਨ ਨ ਨਿੰਦਾ ਕਰਨ ਵੇਲੇ। ਸਗੋਂ ਉਹ ਤਾਂ ਸਵਾਦ ਲਾ ਲਾ ਕੇ, ਹੋਰ ਮਸਾਲੇ ਲਾ ਲਾ ਕੇ ਇਸ ਤਰਾਂ ਦੀ ਨਿੰਦਿਆ ਉਸਤਤ ਕਰ ਕਰ ਕੇ ਆਪਣਾ ਕੀਮਤੀ ਸਮਾਂ ਨਸ਼ਟ ਕਰੀ ਜਾਂਦੇ ਹਨ ਅਤੇ ਆਪਣਾ ਮਨ ਮੈਲਾ ਕਰੀ ਜਾਂਦੇ ਹਨ।

ਇਸ ਤਰਾਂ ਦੀ ਨਿੰਦਾ ਤੇ ਉਸਤਤ ਕਰਨ ਦੀ ਆਦਤ ਵਾਲੇ ਮਨੁਖ ਨੂੰ ਬਾਰ-ਬਾਰ ਝੂਠ ਬੋਲਣਾ ਪੈਂਦਾ ਹੈ। ਜਿਉ ਜਿਉ ਉਹ ਝੂਠ ਬੋਲਦਾ ਹੈ, ਤਿਉ ਤਿਉ ਉਸ ਦਾ ਮਨ ਮੈਲਾ ਹੁੰਦਾ ਜਾਂਦਾ ਹੈ। ਮਹਾਰਾਜ ਪੰਨਾ ੫੫੮ ਉਤੇ ਲਿਖਦੇ ਹਨ ਕਿ ਜਿਸ ਦਾ ਮਨ ਮੈਲਾ ਹੋ ਜਾਏ ਉਸ ਦਾ ਸਭ ਕੁਝ ਮੈਲਾ ਹੋ ਜਾਂਦਾ ਹੈ —

ਮਨਿ ਮੈਲੈ ਸਭ ਕਿਛੁ ਮੈਲਾ,
ਤਨਿ ਧੋਤੈ, ਮਨੁ ਹਛਾ ਨਾ ਹੋਇ ॥

ਭਾਵ – ਜਿਸ ਮਨੁੱਖ ਦਾ ਮਨ ਝੂਠ ਜਾ ਵਿਕਾਰਾਂ ਦੀ ਮੈਲ ਨਾਲ ਮੈਲਾ ਹੋਏਗਾ ਉਤਨਾ ਚਿਰ ਮਨੁੱਖ ਜੋ ਕੁਝ ਕਰੇਗਾ ਉਹ ਮੈਲਾ ਹੀ ਕਰੇਗਾ, ਵਿਕਾਰ ਹੀ ਕਰੇਗਾ, ਕਿਉਕਿ ਉਸ ਦੇ ਖਿਆਲ, ਉਸ ਦੇ ਵੀਚਾਰ ਵੀ ਮੈਲੇ ਹੋਣਗੇ। ਅਤੇ ਮੈਲੇ ਵੀਚਾਰਾਂ ਵਾਲੇ ਦੇ ਕਰਮ (ਕੰਮ) ਵੀ ਮੈਲੇ ਹੋਣਗੇ। ਮੈਲੇ ਵੀਚਾਰਾਂ ਅਧੀਨ ਕੰਮ ਕਰਨ ਨਾਲ,

ਮੈਲਾ ਅਸਰ ਸਾਡੀ ਕਮਾਈ ਉੱਤੇ ਵੀ ਪੈਣ ਲੱਗ ਪੈਂਦਾ ਹੈ ਅਤੇ ਇਸ ਮੈਲੀ ਕਮਾਈ ਨੂੰ ਖਾਣ ਵਾਲੇ ਸਾਡੇ ਬੱਚੇ, ਸਾਡੀ ਪਤਨੀ ਤੇ ਹੋਰ ਪਰਿਵਾਰ ਦੇ ਜੀਆਂ ਉੱਤੇ ਵੀ ਭੈੜਾਂ (ਮੈਲਾ) ਅਸਰ ਪੈ ਜਾਂਦਾ ਹੈ ਅਤੇ ਇਹ ਵਾਕ ਅਸੀਂ ਸਾਰੇ ਹੀ ਜਾਣਦੇ ਹਾਂ ਕਿ :-

ਜੈਸਾ ਅੰਨ ਤੈਸਾ ਮਨ ।

ਸੋ ਇਹ ਸਿੱਟਾ ਨਿਕਲਿਆ ਕਿ ਝੂਠ ਬੋਲਣ ਨਾਲ ਮਨ ਉੱਤੇ ਮੈਲਾ ਪ੍ਰਭਾਵ ਪੈਂਦਾ ਹੈ ਅਤੇ ਜਿਸ ਦਾ ਮਨ ਮੈਲਾ ਹੋ ਜਾਏ ਉਸ ਦਾ ਕਾਰ ਵਿਹਾਰ ਵੀ ਸੱਚਾ ਤੇ ਸੁਚਾ ਨਹੀਂ ਰਹਿੰਦਾ । ਅਤੇ ਇਸ ਮੈਲੇ ਮਨ ਦੀ ਕਮਾਈ ਅਤੇ ਅਗੋਂ ਉਸ ਕਮਾਈ ਨੂੰ ਖਾਣ ਵਾਲਿਆਂ ਉੱਤੇ ਜੋ ਜੋ ਮਾੜਾ ਅਸਰ ਪੈਂਦਾ ਹੈ ਅਤੇ ਇਸ ਦੇ ਜੋ ਭਿਆਨਕ ਸਿੱਟੇ ਨਿਕਲਦੇ ਹਨ ਉਹਨਾਂ ਬਾਰੇ ਵੱਖਰਾ ਲੇਖ ਲਿਖਿਆ ਜਾ ਸਕਦਾ ਹੈ ।

ਇਸ ਵੇਲੇ ਸਿਰਲੇਖ ਦੀ ਦਿਤੀ ਹੋਈ ਪੰਗਤੀ ਤੋਂ ਸਾਨੂੰ ਗੁਰੂ ਸਾਹਿਬ ਦਾ ਇਹ ਉਪਦੇਸ਼ ਮਿਲਦਾ ਹੈ ਕਿ ਅਸੀਂ ਵਧਾ ਘਟਾ ਕੇ ਗੱਲਾਂ ਕਰਨੀਆ (ਉਸਤਤ ਤੇ ਨਿੰਦਾ) ਛੱਡ ਦੇਈਏ ।

ਅਸਲ ਗੱਲ ਇਹ ਹੈ ਕਿ ਸਾਡਾ ਆਲਾ-ਦੁਆਲਾ ਸਾਡੇ ਮਿੱਤਰ-ਦੋਸਤ, ਸਾਡੇ-ਸੰਬੰਧੀ ਤਾਂ ਹੀ ਖੁਸ਼ ਰਹਿੰਦੇ ਹਨ ਜੇ ਅਸੀਂ ਉਨਾਂ ਦੀ ਹਰ ਗੱਲ ਵਿਚ ਹਾਂ ਨਾਲ ਹਾਂ ਮਿਲਾਂਦੇ ਰਹੀਏ । ਅਸੀਂ ਉਨਾਂ ਦੀ ਠੀਕ ਗੱਲ ਨੂੰ ਤਾਂ ਠੀਕ ਕਹਿਣਾ ਹੀ ਹੈ ! ਪਰ ਜਦ ਅਸੀਂ ਉਨ੍ਹਾਂ ਦੀਆਂ ਗਲਤ ਗੱਲਾਂ ਵਿਚ ਵੀ ਉਨ੍ਹਾਂ ਦੀ ਹਾਂ ਨਾਲ ਹਾਂ ਮਿਲਾਉਣ ਲਗ ਜਾਂਦੇ ਹਾਂ ਤਾਂ ਸਮਝੋ ਉਨ੍ਹਾਂ ਦੀ ਖੁਸ਼ਾਮਦ ਕਰਕੇ ਜਿਥੇ ਆਪ ਝੂਠ ਬੋਲ ਕੇ ਆਪਣਾ ਮਨ ਮੈਲਾ ਕਰ ਰਹੇ ਹੁੰਦੇ ਹਾਂ, ਉਥੇ ਉਨ੍ਹਾਂ ਨੂੰ ਗਲਤ ਸ਼ਹਿ ਮਿਲ ਰਹੀ ਹੁੰਦੀ ਹੈ ।

ਜੇ ਅਸੀਂ ਇਸ ਤਰਾਂ ਨਹੀਂ ਕਰਦੇ ਤਾਂ ਸਾਡੇ ਮਿਤਰ-ਦੋਸਤ, ਸਾਡੇ ਸਾਕ ਸੰਬੰਧੀ ਰਾਜ਼ੀ ਨਹੀ ਰਹਿੰਦੇ । ਸੋ ਇੰਞ ਸਪਸ਼ਟ ਹੋਇਆ ਕਿ ਅਸੀਂ

ਇਨਾਂ ਦੋਸਤਾ-ਮਿਤਰਾਂ ਤੇ ਸਾਕ ਸੰਬੰਧੀਆਂ ਤੋਂ ਵਾਹ ਵਾਹ ਲੈਣ ਲਈ ਜਾਂ ਇਨ੍ਹਾਂ ਦੀਆਂ ਨਜ਼ਰਾਂ ਵਿਚ ਚੰਗਾ ਬਣਨ ਲਈ ਹੀ ਝੂਠੀ ਖੁਸ਼ਾਮਦ ਕਰਦੇ ਹਾਂ । ਦੂਜੇ ਸ਼ਬਦਾਂ ਵਿਚ ਇਨ੍ਹਾਂ ਲੋਕਾਂ ਨੂੰ ਖੁਸ਼ ਰਖਣ ਲਈ ਹੀ ਅਸੀਂ ਝੂਠ ਬੋਲਦੇ ਹਾਂ । ਇਸ ਤਰਾਂ ਹਰ ਵਾਰੀ ਝੂਠ ਬੋਲਦਿਆਂ ਬੋਲਦਿਆਂ ਸਾਡੀ ਆਦਤ ਪੱਕ ਜਾਂਦੀ ਹੈ ਤੇ ਫਿਹ ਇਸ ਤਰਾਂ ਦਾ ਝੂਠ, ਇਸ ਤਰਾਂ ਦੀ ਝੂਠੀ ਵਡਿਆਈ ਫਿਰ ਝੂਠੀ ਨਹੀਂ ਲਗਦੀ ਅਤੇ ਨਿੰਦਾ ਫਿਰ ਗਲਤ ਲਹੀਂ ਲਗਦੀ ।

ਇਸ ਤਰਾਂ ਕਰਦੇ ਹੋਏ ਅਸੀਂ ਮਹਾਰਾਜ ਜੀ ਦਾ ਉਪਦੇਸ਼ ਬਿਲਕੁਲ ਭੁੱਲ ਜਾਂਦੇ ਹਾਂ ਕਿ ਉਹ ਇਸ ਬਾਰੇ ਕੀ ਕਹਿੰਦੇ ਹਨ ।

ਸਾਡੇ ਵਿਚ ਇਹ ਝੂਠ ਦੀ ਬੀਮਾਰੀ ਇਤਨੀ ਵੱਧ ਚੁੱਕੀ ਹੈ ਕਿ ਸਾਡੇ ਗੁਰਦੁਆਰਿਆਂ ਦੇ ਪ੍ਰਬੰਧਕ, ਸਾਡੇ ਪ੍ਰਚਾਰਕ, ਰਾਗੀ ਤੇ ਪਾਠੀ ਜਿੰਨ੍ਹਾਂ ਇਹ ਤੇ ਇਸ ਤਰਾਂ ਦੀਆਂ ਹੋਰ ਗਲਤ ਗੱਲਾਂ ਤੋਂ ਗੁਰ ਉਪਦੇਸ਼ਾਂ ਰਾਹੀਂ ਸਾਨੂੰ ਹਟਾਉਣਾ ਸੀ, ਉਹ ਆਪ ਹੀ ਇਸ ਝੂਠੀ ਪ੍ਰਸੰਸਾ ਕਰਨ ਦੀ ਆਦਤ ਪਕਾਅ ਬੈਠੇ ਹਨ । ਉਹ ਝੂਠੀ ਪ੍ਰਸੰਸਾ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਹੀ ਭੁਲ ਜਾਂਦੇ ਹਨ । ਇਹੋ ਕਾਰਨ ਹੈ ਕਿ ਉਹ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਹੀ ਇਹ ਝੂਠੀ ਵਡਿਆਈ ਕਰਨ ਤੋਂ ਨਹੀਂ ਝਿਜਕਦੇ ।

## ਇਕ ਹੋਰ ਗੱਲ

ਕੁਝ ਇਕ ਨੂੰ ਛਡ ਕੇ ਬਾਕੀ ਸਾਨੂੰ ਸਾਰਿਆਂ ਨੂੰ ਆਪਣੀ ਵਡਿਆਈ ਕਰਾਉਣ ਦਾ ਬੜਾ ਸ਼ੌਕ ਹੈ । ਅਸੀਂ ਆਪਣੀਆਂ ਕਮਜ਼ੋਰੀਆਂ ਜਾਣਦੇ ਹੋਏ ਵੀ ਚਾਹੁੰਦੇ ਹਾਂ ਕਿ ਸਾਡੀ ਵਡਿਆਈ ਹੋਵੇ । ਇਹੋ ਕਾਰਨ ਹੈ ਕਿ ਥੁਹੜੇ ਜਿਹੇ ਪੈਸੇ ਦੇ ਕੇ ਉਪਰ ਲਿਖੇ ਲੋਕਾਂ ਤੋਂ ਅਸੀਂ ਆਪਣਾ ਜੱਸ ਕਰਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ ।

ਅਸੀਂ ਭਾਵੇਂ ਕਿਤਨੇ ਐਬੀ ਹੋਈਏ, ਸ਼ਰਾਬੀ ਜਾਂ ਹਰਾਮ ਦੀ ਕਮਾਈ

ਕਰਨ ਵਾਲੇ ਜਾਂ ਵਢੀ-ਖੋਰ ਹੋਈਏ, ਸਾਰੇ ਚਾਹੁੰਦੇ ਹਾਂ ਕਿ ਸਾਡਾ ਜੱਸ ਹੋਵੇ । ਲੋਕੀ ਸਾਨੂੰ ਚੰਗਾ ਕਹਿਣ ਜਾਂ ਧਰਮੀ ਕਹਿਣ । ਪਰ ਚੰਗਾ ਬਣਨ ਦੀ ਕੋਸ਼ਿਸ਼ ਵਲ ਅਸੀਂ ਧਿਆਨ ਹੀ ਨਹੀਂ ਕਰਦੇ ।

ਕਈ ਵਾਰ ਕੁਝ ਪੈਸੇ ਦਾਨ ਵਜੋਂ ਦੇ ਕੇ ਗੁਰਦੁਆਰੇ ਦੇ ਪਖਿਆਂ ਉਤੇ ਜਾਂ ਕੰਧਾ ਉਤੇ ਆਪਣੇ ਨਾਂ ਦੇ ਅਖਰ ਆਦਿ ਲਿਖਵਾ ਕੇ ਜਿਥੇ ਅਸੀਂ ਆਪਣੇ ਐਬ ਛਿਪਾਉਣ ਦੀ ਕੋਸ਼ਿਸ਼ ਕਰਦੇ ਹਾਂ ਉਥੇ ਆਪਣੇ ਦਾਨੀ ਹੋਣ ਦਾ ਢੰਡੋਰਾ ਪਿਟਾਉਣ ਦੀ ਕੋਸ਼ਿਸ਼ ਵੀ ਕਰਦੇ ਰਹਿੰਦੇ ਹਾਂ ਇਹ ਇਕ ਤਰਾਂ ਆਪਣੇ ਆਪ ਨੂੰ ਧੋਖਾ ਦੇਣਾ ਹੁੰਦਾ ਹੈ ।

ਦੂਜੇ ਪਾਸੇ ਥੁਹੜੇ ਜਿਹੇ ਪੈਸਿਆਂ ਪਿਛੇ ਇਕ ਐਬੀ-ਸ਼ਰਾਬੀ ਨੂੰ ਗੁਰਮੁਖ ਕਹਿਣਾ, ਵਢੀ ਖੋਰ ਜਾਂ ਝੂਠ ਬੋਲ ਕੇ ਕਮਾਈ ਕਰਨ ਵਾਲੇ ਨੂੰ ਬੜਾ ਉਪਕਾਰੀ ਜਾਂ ਦਾਨੀ ਕਹਿਣਾ ਜਿਥੇ ਝੂਠੀ ਖੁਸ਼ਾਮਦ ਕਰਨਾ ਹੈ ਉਥੇ ਗੁਰ ਹੁਕਮਾਂ ਦਾ ਵਿਰੋਧ ਕਰਨਾ ਵੀ ਹੈ ।

ਮਾਰਣ ਪਾਇ ਹਰਾਮ ਮਹਿ<br>
ਹੋਇ ਹਲਾਲ ਨ ਜਾਇ ॥ (੧੪੧)

ਤੋਂ ਵੀ ਇਹੋ ਭਾਵ ਹੈ ਕਿ ਜਿਸ ਤਰ੍ਹਾਂ ਹਰਾਮ ਦੇ ਮਾਲ ਵਿਚ (ਬਹਿਸ, ਗੱਲਾਂ ਆਦਿਕ ਦੇ) ਮਸਾਲੇ ਪਾਉਣ ਨਾਲ ਉਹ ਹਲਾਲ(ਹੱਕ) ਦਾ ਨਹੀਂ ਬਣ ਜਾਂਦਾ, ਇਸੇ ਤਰਾਂ ਗਲਤ ਕਮਾਈ ਵਿਚੋਂ ਕੁਝ ਦਾਨ ਪੁੰਨ ਕਰਨ ਨਾਲ ਉਹ ਗਲਤ ਕਮਾਈ ਨੇਕ ਕਮਾਈ ਵਿਚ ਨਹੀਂ ਬਦਲ ਸਕਦੀ ।

## ਗਲ ਉਸਤਤ ਦੀ ਚਲ ਰਹੀ ਸੀ

ਮਹਾਰਾਜ ਕਹਿੰਦੇ ਹਨ ਕਿ ਹੇ ਜੀਵ ! ਜੇ ਤੈਨੂੰ ਉਸਤਤ ਕਰਨ-ਕਰਾਉਣ ਦਾ ਸ਼ੌਕ ਹੀ ਹੈ ਤਾਂ ਤੂੰ ਬੰਦਿਆਂ ਦੀ ਉਸਤਤ ਕਰਨ

ਦੀ ਥਾਂ ਨਿਰੰਕਾਰ ਦੀ ਉਸਤਤ ਕਰ ਜੋ ਸਾਰੇ ਗੁਣਾਂ ਦਾ ਮਾਲਕ ਹੈ।

ਉਸਤਤਿ ਮਨ ਮਹਿ ਕਰ ਨਿਰੰਕਾਰ ॥

ਦਾ ਭਾਵ ਵੀ ਇਹੋ ਹੈ ਕਿ ਨਿਰੰਕਾਰ ਦੀ ਉਸਤਤ ਕਰੋ, ਜੋ ਸਹੀ ਅਰਥਾਂ ਵਿਚ ਉਸਤਤ ਕਰਨ ਦੇ ਯੋਗ ਹੈ।

ਮਨੁਖ ਤਾਂ ਗਲਤੀ ਦਾ ਪੁਤਲਾ ਹੈ। ਇਹ ਕਦਮ ਕਦਮ ਤੇ ਭੁਲ ਜਾਂਦਾ ਹੈ। ਜੇ ਮਾੜੀਆਂ ਮੋਟੀਆਂ ਇਕ ਦੋ ਜਾਂ ਕੁਝ ਗੱਲਾਂ ਇਹ ਚੰਗੀਆਂ ਵੀ ਕਰ ਬੈਠਦਾ ਹੈ ਤਾਂ ਬਹੁਤੀਆਂ ਗਲਤ ਵੀ ਕਰਦਾ ਹੈ। ਇਸ ਲਈ ਹੇ ਜੀਵ ! ਜੇ ਤੂੰ ਉਸਤਤ ਕਰਨ ਦਾ ਚਾਹਵਾਨ ਹੈ ਤਾਂ ਉਸ ਅਕਾਲ ਪੁਰਖ ਦੀ ਉਸਤਤ ਕਰ ਜਿਸ ਦੀਆਂ ਸਿਫਤਾਂ ਦਾ ਕੋਈ ਅੰਤ ਨਹੀਂ। ਇਸੇ ਕਰਕੇ ਜਪੁਜੀ ਸਾਹਿਬ ਵਿਚ ਅਕਾਲ ਪੁਰਖ ਬਾਰੇ ਲਿਖਿਆ ਹੋਇਆ ਹੈ :–

ਅੰਤ ਨਾ ਸਿਫਤੀ ਕਹਿਣ ਨ ਅੰਤ ॥

ਪਰ ਆਪਣੀ ਉਸਤਤ ਕਰਾਉਣ ਦੀ ਬੀਮਾਰੀ ਦੇ ਨਾਲ ਨਾਲ ਸਾਨੂੰ ਦੂਜਿਆਂ ਦੀ ਨਿੰਦਿਆ ਕਰਨ ਜਾਂ ਸੁਣਨ ਦੀ ਇਕ ਹੋਰ ਬੀਮਾਰੀ ਵੀ ਹੈ। ਕਿਸੇ ਦੀ ਮਾੜੀ ਮੋਟੀ ਗਲਤੀ ਜਾਂ ਕਮਜ਼ੋਰੀ ਨੂੰ ਸੁਆਦ ਲਾ ਲਾ ਕੇ ਦਸਣ ਜਾਂ ਸੁਣਨ ਵਿਚ ਜਿਤਨਾ ਅਸੀਂ ਮਜ਼ਾ ਲੈਂਦੇ ਹਾਂ, ਰਹੇ ਰੱਬ ਦਾ ਨਾਂ।

ਇਸ ਬਾਰੇ ਵੀ ਮਹਾਰਾਜ ਦਾ ਇਹ ਉਪਦੇਸ਼ ਭੁਲ ਜਾਂਦੇ ਹਾਂ :—

ਨਿੰਦਾ ਭਲੀ ਕਿਸੈ ਕੀ ਨਾਹੀ,
ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ,
ਨਰਕੇ ਘੋਰਿ ਪਵੰਨਿ ॥ (੭੫੫)

ਇਨਾਂ ਗੁਰ ਉਪਦੇਸ਼ਾਂ ਤੋਂ ਸਾਫ ਸਪਸ਼ਟ ਹੈ ਕਿ ਨਿੰਦਿਆ ਕਰਨ ਵਾਲੇ ਬਾਰੇ ਮਹਾਰਾਜ ਕੀ ਕਹਿੰਦੇ ਹਨ। ਪਰ ਸਾਡਾ ਗਲਤ ਸੁਭਾਉ

ਐਸਾ ਪੱਕ ਗਿਆ ਹੈ ਕਿ ਸਾਡੇ ਉੱਤੇ ਇਨਾਂ ਗੁਰ-ਉਪਦੇਸ਼ਾਂ ਦਾ ਅਸਰ ਹੀ ਨਹੀਂ ਹੁੰਦਾ । ਸ਼ਾਇਦ ਤਾਂ ਹੀ ਗੁਰੂ ਸਾਹਿਬ ਕਹਿੰਦੇ ਹਨ, ਸਭ ਰੋਗਾਂ ਦਾ ਇਲਾਜ ਹੈ ਪਰ ਨਿੰਦਾ ਕਰਨ ਵਾਲੇ ਦਾ ਕੋਈ ਇਲਾਜ ਨਹੀਂ

ਅਉਖਧ ਸਭੇ ਕੀਤੀਅਨ,
ਨਿੰਦਕ ਕਾ ਦਾਰੂ ਨਾਹਿ ॥

ਨਿੰਦਕ ਦੀ ਨਿੰਦਿਆ ਕਰਨ ਦੀ ਬੀਮਾਰੀ ਸ਼ਾਇਦ ਲਾ-ਇਲਾਜ ਹੋਣ ਕਾਰਨ ਹੀ ਭਗਤ ਕਬੀਰ ਜੀ ਦਾ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਚ ਇਸ ਤਰਾਂ ਲਿਖਿਆ ਹੋਇਆ ਹੈ, —

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥
ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ, ਨਿੰਦਾ ਮਹਿਤਾਰੀ ॥ (੩੩੯)

ਭਗਤ ਜੀ ਨਿੰਦਕ ਨੂੰ ਮਾਂ-ਬਾਪ ਜਿਤਨਾ ਸਤਿਕਾਰ ਇਸੇ ਲਈ ਸ਼ਾਇਦ ਦੇਣਾ ਚਾਹੁੰਦੇ ਹਨ ਕਿ ਜਿਵੇਂ ਮਾਤਾ ਪਿਤਾ ਬੱਚੇ ਦੀ ਸੇਵਾ ਸੰਭਾਲ ਕਰਦਿਆਂ, ਮਾਂ ਬੱਚੇ ਦਾ ਮਲ ਮੂਤਰ ਧੋ ਕੇ ਉਸ ਨੂੰ ਸਾਫ ਰਖਦੀ ਹੈ ਇਸੇ ਤਰਾਂ ਨਿੰਦਕ ਜਿਸ ਮਨੁੱਖ ਦੀ ਨਿੰਦਾ ਕਰਦਾ ਹੈ ਉਹ ਉਸਦੀ ਮੈਲ ਧੋਂਦਾ ਹੈ।

ਹਮਰੇ ਕਪਰੇ ਨਿੰਦਕੁ ਧੋਇ ॥

ਅਨੁਸਾਰ ਨਿੰਦਕ ਉਸ ਸਾਫ ਹਿਰਦੇ ਵਾਲੇ ਮਨੁੱਖ ਦੀ ਮੈਲ ਧੋਂਦਾ ਹੈ ਜਿਸ ਦੀ ਉਹ ਰਸਨਾ ਨਾਲ ਨਿੰਦਾ ਕਰਦਾ ਹੈ ।

ਇਸੇ ਕਰਕੇ ਭਗਤ ਜੀ ਕਹਿੰਦੇ ਹਨ ਕਿ ਹੇ ਨਿੰਦਾ ਕਰਨ ਵਾਲਿਓ ! ਮੈਨੂੰ ਭਲੇ ਨਿੰਦੋ (ਬੇਸ਼ਕ ਨਿੰਦੋ) ਕਿਉਂਕਿ ਇਸ ਤਰਾਂ,—

ਨਿੰਦਾ ਹੋਇ ਤ ਬੈਕੁੰਠਿ ਜਾਈਐ ॥

ਤੇ ਫਿਰ :—

ਨਿੰਦਕੁ ਡੂਬਾ, ਹਮ ਉਤਰੇ ਪਾਰਿ ॥ (੩੩੯)

ਇਸੇ ਲਈ ਗੁਰੂ ਤੇਗ ਬਹਾਦਰ ਜੀ, ਜਿੰਨਾਂ ਦਾ ਸ਼ਹੀਦੀ ਪੁਰਬ ਸਭ ਥਾਵਾਂ ਤੇ ਮਨਾਇਆ ਜਾ ਰਿਹਾ ਹੈ, ਸਾਨੂੰ ਉਪਰਲੀ ਪੰਕਤੀ ਰਾਹੀਂ ਇਸ ਤਰਾਂ ਦੀ ਉਸਤਤ ਅਤੇ ਨਿੰਦਾ ਨੂੰ ਛੱਡ ਦੇਣ ਦਾ ਉਪਦੇਸ਼ ਦੇਂਦੇ ਹਨ ਉਥੇ ਇਕ ਥਾਂ ਹੋਰ ਇਸ ਤਰ੍ਹਾਂ ਦਾ ਉਪਦੇਸ਼ ਦੇਂਦਿਆਂ ਕਹਿੰਦੇ ਹਨ :—

ਉਸਤਿਤ ਨਿੰਦਾ ਦੋਊ ਪਰਹਰਿ,
ਹਰਿ ਕੀਰਤਿ ਉਰਿ ਆਨ ॥ (੧੧੪੬)

ਹੇ ਭਾਈ ! ਕਿਸੇ ਦੀ ਖੁਸ਼ਾਮਦ, ਕਿਸੇ ਦੀ ਨਿੰਦਿਆ, ਇਹ ਦੋਵੇਂ ਕੰਮ ਛੱਡ ਦੇ । ਸਿਰਫ ਪ੍ਰਮਾਤਮਾ ਦੀ ਸਿਫਤ-ਸਲਾਹ (ਆਪਣ) ਵਿਚ ਵਸਾਓ ।

ਗੁਰੂ ਮਹਾਰਾਜ ੧੧੨੩ ਪੰਨੇ ਉਤੇ ਸਾਨੂੰ ਸਮਝਾਉਦਿਆਂ ਇਹ ਉਪਦੇਸ਼ ਦੇਂਦੇ ਹਨ ਕਿ ਕਿਸੇ ਦੀ ਖੁਸ਼ਾਮਦ ਜਾਂ ਕਿਸੇ ਦੇ ਐਬ ਫਰੋਲਨੇ ਦੋਵੇਂ ਮਨ੍ਹਾਂ ਹਨ :—

ਉਸਤਤਿ ਨਿੰਦਾ ਦੋਊ ਬਿਬਰਜਿਤ

ਅੰਤ ਵਿਚ ਬਿਨੈ ਹੈ ਕਿ ਆਓ ! ਅਜ ਮਹਾਰਾਜ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਮਨਾਉਦੇ ਹੋਏ ਉਨਾਂ ਦੀ ਗੁਰਬਾਣੀ ਵਿਚੋਂ ਉਪਰ ਦਿਤੀਆ ਪੰਗਤੀਆਂ ਨੂੰ ਵੀਚਾਂਰੀਏ-ਆਮਲ ਵਿਚ ਲਿਆਈਏ ਤਾਂ ਜ ਸਾਡਾ ਗੁਰਪੁਰਬ ਮਨਾਉਣਾ ਵੀ ਸਫਲ ਹੋਵੇ ।

# ਬੇੜਾ ਬੰਨੇ ਕਿਵੇ ਲਗਾ ?

ਮਖਣ ਸ਼ਾਹ ਆਪਣੇ ਸਮੇਂ ਦਾ ਜਿਥੇਂ ਇਕ ਤਕੜਾ ਵਪਾਰੀ ਸੀ ਉਥੇ ਗੁਰੂ ਘਰ ਦਾ ਚੰਗਾ ਸ਼ਰਧਾਲੂ ਅਤੇ ਸਿਦਕੀ ਸਿਖ ਵੀ ਸੀ। ਉਸ ਕੋਲ ਮੁਗਲ ਫੌਜ ਨੂੰ ਰਸਦ ਪਹੁੰਚਾਉਣ ਦਾ ਕੰਮ ਸੀ ਅਤੇ ਉਸ ਦਾ ਵਪਾਰ ਬਾਹਰ ਦੂਜੇ ਦੇਸ਼ਾਂ ਨਾਲ ਵੀ ਸੀ ।

ਇਕ ਵਾਰ 'ਸੂਰਤ' ਦੀ ਬੰਦਰਗਾਹ ਦੇ ਨੇੜੇ ਇਸ ਦਾ ਸਮਾਨ ਨਾਲ ਭਰਿਆ ਜਹਾਜ਼ ਸਮੁੰਦਰ ਵਿਚ ਅੱੜ ਗਿਆ। ਜਿਉ ਜਿਉ ਉਸ ਨੂੰ ਕਢਣ ਦਾ ਯਤਨ ਕੀਤਾ ਗਿਆ ਤਿਉ ਤਿਉ ਉਹ ਬਰੇਤੇ ਵਿਚ ਫਸਦਾ ਗਿਆ। ਆਖਰ ਪਾਣੀ ਦੀ ਇਕ ਤੇਜ਼ ਛਲ ਨਾਲ ਉਹ ਹੋਰ ਜਿਆਦਾ ਫਸ ਗਿਆ । (ਉਸ ਸਮੇਂ ਜਹਾਜ਼ ਬਾਦਬਾਨਾਂ ਨਾਲ ਹਵਾਂ ਦੀ ਸਹਾਇਤਾ ਨਾਲ ਚਲਿਆ ਕਰਦੇ ਸਨ)

ਅਖੀਰ ਹਾਰ ਕੇ ਮਖਣ ਸ਼ਾਹ ਨੇ ਮਨ ਚਿਤ ਇਕਾਗਰ ਕਰਕੇ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਗੁਰੂ ਨਾਨਕ ਪਾਤਸ਼ਾਹ ਦੀ ਗਦੀ ਵਲ ਧਿਆਨ ਕਰਦਿਆਂ ਅਰਦਾਸ ਕੀਤੀ। 'ਮਹਿਮਾ ਪ੍ਰਕਾਸ਼' ਵਿਚ ਇਸ ਤਰਾਂ ਲਿਖਿਆ ਹੋਇਆ ਹੈ : –

ਕਰ ਚਿਤ ਇਕਾਗਰ ਜਪੁ ਕੋ ਪੜਾ ।
ਪੂਨਿ ਸਤਿਗੁਰੂ ਜੀ ਕਾ ਕੀਆ ਧਿਆਨ ।
ਮਨ ਮਿਟੇ ਭਰਮ, ਗੁਰ ਲੇਹਿ ਪਛਾਨ ।

ਪਾਠ ਉਪ੍ਰੰਤ ਕੀਤੀ ਅਰਦਾਸ ਪ੍ਰਵਾਨ ਹੋਈ, ਹਵਾ ਦਾ ਰੁਖ ਬਦਲਿਆ ਤੇ ਗੁਰੂ ਮਿਹਰ ਸਦਕਾ ਉਸ ਦਾ ਬੇੜਾ (ਜਹਾਜ਼) ਰੇਤੇ ਵਿਚੋਂ ਨਿਕਲਿਆ ਅਤੇ ਬੰਨੇ ਲਗਾ ।

ਮਖੱਣ ਸ਼ਾਹ ਦਾ ਬੇੜਾ ਜਪੁਜੀ ਸਾਹਿਬ ਇਕਾਗਰ ਚਿਤ ਪੜ੍ਹਨ ਅਤੇ ਅਰਦਾਸ ਕਰਨ ਨਾਲ ਪਾਰ ਹੋਇਆ ਸੀ। ਪਰ ਸਾਡੇ ਵਿਚੋਂ ਬਹੁਤ

ਸਾਰੇ ਐਸੇ ਹਨ ਜੋ ਜਪੁਜੀ ਪੜਦੇ ਹੀ ਨਹੀਂ । ਜੋ ਥੁਹੜਾ ਬਹੁਤ ਪੜਦੇ ਹਨ, ਉਹ ਐਵੇਂ ਉਪਰੋਂ-ਉਪਰੋਂ ਹੀ ਪੜ੍ਹਦੇ ਹਨ । ਵਿਰਲੇ ਹੀ ਗੁਰੂ ਪਿਆਰੇ ਐਸੇ ਹਨ ਜੋ ਮਨ ਚਿਤ ਇਕਾਗਰ ਹੋ ਕੇ ਅਰਥ ਭਾਵਾਂ ਨੂੰ ਧਿਆਨ ਵਿਚ ਰਖ ਕੇ 'ਹਜ਼ੂਰੀ ਵਿਚ' ਪਾਠ ਕਰਦੇ ਹਨ ਜਾਂ ਕਰਨ ਦੀ ਕੋਸ਼ਿਸ਼ ਕਰਦੇ ਹਨ । ਜਦ ਤਕ ਅਸੀਂ ਇਸ ਤਰ੍ਹਾਂ ਬਾਣੀ ਨਹੀਂ ਪੜ੍ਹਾਂਗੇ ਜਾਂ ਇਸ ਤਰ੍ਹਾਂ ਪੜ੍ਹਨ ਦੀ ਕੋਸ਼ਿਸ਼ ਨਹੀਂ ਕਰਾਂਗੇ ਤਦ ਤਕ ਸਾਡਾ ਬੇੜਾ ਕਿਸ ਤਰ੍ਹਾਂ ਪਾਰ ਹੋ ਸਕਦਾ ਹੈ ? ਸੋਚਣ ਵਾਲੀ ਗੱਲ ਹੈ ।

ਦਰ ਅਸਲ ਸਾਨੂੰ ਆਪ ਬਾਣੀ ਧਿਆਨ ਨਾਲ ਪੜ੍ਹਨ ਸੁਣਨ ਅਤੇ ਅਮਲ ਕਰਨ ਲਈ ਪ੍ਰੇਰਣਾ ਦੇਣ ਵਾਲੇ ਵਿਰਲੇ ਹੀ ਰਹਿ ਗਏ ਹਨ । ਬਾਕੀ ਤਾਂ ਸਭ ਪਾਸੇ ਸੌਦੇ ਬਾਜ਼ੀ ਹੀ ਹੋ ਰਹੀ ਹੈ । ਪੈਸੇ ਦੇ ਕੇ ਪਾਠ ਕਰਨ ਕਰਾਉਣ ਦਾ ਰਿਵਾਜ ਐਸਾ ਚਲ ਪਿਆ ਹੈ ਕਿ ਸਾਡੇ ਵਿਚ ਆਪ ਪਾਠ ਕਰਨ ਦੀ ਭਾਵਨਾ ਦਿਨੋ ਦਿਨ ਖਤਮ ਹੀ ਹੁੰਦੀ ਜਾ ਰਹੀ ਹੈ । ਅਸੀਂ ਚਾਹੁਣ ਲਗ ਪਏ ਹਾਂ ਕਿ ਸਾਨੂੰ ਕੀਤਾ ਕਰਾਇਆ ਪਾਠ ਮਿਲ ਜਾਏ । ਜਾਂ ਪਾਠ ਕਰੇ ਕੋਈ ਹੋਰ ਤੇ ਫਲ ਸਾਨੂੰ ਮਿਲੇ। ਇਸੇ ਪ੍ਰਭਾਵ ਥੱਲੇ ਹੀ ਕਿਧਰੇ ਪਾਠਾਂ ਦੀ ਲੜੀਆਂ ਚਲ ਰਹੀਆਂ ਹਨ, ਕਿਧਰੇ ਸੰਪਟ ਪਾਠ ਹੋ ਰਹੇ ਹਨ । ਕਿਧਰੇ ੩-੩, ੪-੪ ਤੇ ਇਸ ਤੋਂ ਵੀ ਵਧ ਇਕੱਠੇ ਐਖੰਡ ਪਾਠ ਰਖ ਕੇ ਧਰਮ ਦੀ ਆੜ ਵਿਚ ਖ਼ੂਬ ਮਾਇਆ ਦਾ ਵਪਾਰ ਹੋ ਰਿਹਾ ਹੈ ।

ਇਸ ਤਰ੍ਹਾਂ ਪਾਠ ਕਰਨ ਵਾਲੇ ਸੋਚ ਸਮਝ ਕੇ ਪਾਠ ਕਿਸ ਤਰ੍ਹਾਂ ਕਰ ਸਕਦੇ ਹਨ ? ਕਿਉਂਕਿ ਉਹ ਜਾਣਦੇ ਹਨ ਕਿ ਪਾਠ ਕਰਨ ਤੇ, ਮਿਲਣ ਵਾਲੀ ਮਾਇਆ ਵਿਚੋਂ ਵਿਚੋਲੇ (ਭਾਵੇਂ ਉਹ ਸਾਧ ਹੈ ਭਾਵੇਂ ਉਹ ਪ੍ਰਬੰਧਕ ਕਮੇਟੀ) ਨੇ ਕਮਿਸ਼ਨ ਜਾਂ ਵਿਚੋਲਗੀ ਕਟ ਲੈਣੀ ਹੈ ।

ਜੇ ਇਸ ਤਰ੍ਹਾਂ ਨਾਂਹ ਵੀ ਹੋਵੇ ਤਾਂ ਵੀ ਪਾਠ ਰਖਾਉਣ ਵਾਲੇ ਨੇ ਕਿਹੜਾ ਪਾਠ ਸੁਣਨਾ ਹੈ ਜੋ ਪਾਠੀ ਧਿਆਨ ਨਾਲ ਪਾਠ ਕਰੇ ?

ਪਾਠ ਰਖਾਉਣ ਵਾਲਾ ਸਮਝਦਾ ਹੈ ਕਿ ਪਾਠ ਰੱਖਾ ਦਿੱਤਾ ਹੈ, ਪੈਸੇ ਦੇ ਦਿੱਤੇ ਹਨ । ਹੁਣ ਪਾਠੀ ਜਾਣਨ ਤੇ ਅੱਗੋਂ ਉਨ੍ਹਾਂ ਦਾ ਕੰਮ ।

ਭਾਵੇਂ ਸਾਰੇ ਪਾਠੀਆਂ ਨੇ ਨਹੀਂ ਪਰ ਬਹੁਤਿਆਂ ਨੇ ਪਾਠ ਕਰਨਾ ਆਪਣਾ ਰੋਜ਼ਗਾਰ ਹੀ ਬਣਾ ਲਿਆ ਹੈ ।

ਜਿਸ ਤਰ੍ਹਾਂ ਹੋਰ ਰੋਜ਼ਗਾਰ (ਵਪਾਰ) ਵਿਚ ਵਪਾਰੀ ਲੋਕ, ਕੋਈ ਘਟ ਤੋਲ ਕੇ, ਕੋਈ ਮਿਲਾਵਟ ਕਰ ਕੇ ਜਾਂ ਝੂਠ ਚਲਾਕੀ ਅਤੇ ਹੋਰ ਐਸੇ ਯਤਨ ਕਰਦੇ ਰਹਿੰਦੇ ਹਨ, ਜਿਸ ਨਾਲ ਲਾਗਤ ਘਟ ਹੋਵੇ ਅਤੇ ਮੁਨਾਫ਼ਾ ਜ਼ਿਆਦਾ । ਇਸੇ ਤਰ੍ਹਾਂ ਪਾਠ ਕਰਨ ਦਾ ਵਪਾਰੀ ਵੀ ਇਹੋ ਯਤਨ ਕਰਦਾ ਹੈ ਕਿ ਉਸ ਤਰੀਕੇ ਨਾਲ ਪਾਠ ਕੀਤਾ ਜਾਏ ਜਿਸ ਨਾਲ ਖੇਚਲ ਅਤੇ ਸਿਰ ਦਰਦੀ ਘਟ ਹੋਏ ਤੇ ਪੈਸੇ ਪੂਰੇ ਮਿਲਣ, ਸੇ-ਵਾ ਪੂਰੀ ਹੋਵੇ । ਇਸੇ ਭਾਵਨਾ ਦਾ ਸਦਕਾ ਹੀ ਕਈ ਪਾਠੀ ਇਕੋ ਟਾਈਮ ਵਿਚ ਤਿੰਨ ਤਿੰਨ, ਚਾਰ ਚਾਰ ਥਾਵਾਂ ਤੇ ਅਖੰਡ ਪਾਠ ਦੀਆਂ ਡੀਊਟੀਆ ਦੇ ਕੇ ਵਧ ਕਮਾਈ ਕਰਨਾ ਲੋਚਦੇ ਰਹਿੰਦੇ ਹਨ ।

ਜਿਸ ਤਰ੍ਹਾਂ ਹੋਰ ਵਪਾਰ ਵਿਚ ਗਲਤ ਤਰੀਕਿਆਂ ਨੂੰ ਗਲਤ ਨਈਂ ਸਮਝਿਆ ਜਾਂਦਾ ਉਸੇ ਤਰ੍ਹਾਂ ਸ਼ਾਇਦ 'ਥੱਬਾ ਪਾਠ' 'ਚੁਟਕੀ ਪਾਠ' 'ਪੱਤਰਾ ਪਾਠ' ਤੇ ਦਰਸ਼ਨ ਪਾਠ' ਆਦਿ ਕਈ ਤਰੀਕਿਆਂ ਨਾਲ ਪਾਠ ਕਰਨ ਵਾਲੇ ਇਸ ਨੂੰ ਮਾੜਾ ਨਹੀਂ ਸਮਝਦੇ । ਕਈ ਥਾਵਾਂ ਤੇ ਕੀਤੇ ਕਰਾਏ ਪਾਠ ਵੀ ਪੈਸੇ ਦੇ ਕੇ, ਜਦੋਂ ਚਾਹੋ ਮਿਲ ਸਕਦੇ ਹਨ ।

ਗੁਰਬਾਣੀ ਵਿਚ ਅਨੇਕਾਂ ਹੀ ਉਪਦੇਸ਼, ਇਕ-ਚਿਤ ਅਤੇ ਸਾਵਧਾਨ ਹੋ ਕੇ ਗੁਰਬਾਣੀ ਦਾ ਪਾਠ ਕਰਨ ਅਤੇ ਅਕਾਲ ਪੁਰਖ ਦੇ ਗੁਣ ਗਾਉਣ ਬਾਰੇ ਮਿਲਦੇ ਹਨ ਜਿਵੇਂ : -

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਹੋਇ ਇਕਾਗਰ ਚੀਤਿ ॥

(੨) ਮਹਾਰਾਜ ਗੁਰੂ ਨਾਨਕ ਸਾਹਿਬ ਦਾ ਹੇਠਲਾ ਵਾਕ ਗੁਰੂ

ਗਰੰਥ ਸਾਹਿਬ ਦੇ ਪੰਨਾ ੧੨੪੫ ਤੇ ਇਉ ਐਕਤ ਹੈ :-

ਧ੍ਰਿਗ ਤਿਨਾ ਕਾ ਜੀਵਿਆ, ਜਿ ਲਿਖਿ ਲਿਖਿ ਵੇਚਹਿ ਨਾਉ
ਖੇਤੀ ਜਿਨਿ ਕੀ ਉਜੜੈ, ਖਲਵਾੜੇ ਕਿਆ ਥਾਉ ॥

ਜੇ ਪ੍ਰਭੂ ਦਾ ਨਾਮ ਲਿਖ ਕੇ ਵੇਚਣਾ ਧ੍ਰਿਗ ਹੈ (੧੦੦ ਲਾਹਨਤਾਂ ਇਕ ਧ੍ਰਿਗ ਦੇ ਬਰਾਬਰ, ਸਿਆਣੇ ਦਸਦੇ ਹਨ) ਤਾਂ ਨਾਮ ਬਾਣੀ ਪੜ੍ਹ ਕੇ ਵੇਚਣਾ ਅਤੇ ਇਸ ਵਿਚੋਂ ਮੁਨਾਫਾ ਖੋਰੀ ਕਰਨੀ ਕੀ ਧ੍ਰਿਗ ਨਹੀਂ?

ਜੇ ਚੰਗੀ ਮੰਦੀ ਕਮਾਈ ਵਿਚੋ ਮਾਇਆ ਦੇ ਰੁਜ਼ਗਾਰੀਆਂ ਤੋਂ ਪਾਠ ਕਰਵਾਉਣ ਨਾਲ ਕੁਝ ਪ੍ਰਾਪਤੀ ਹੋ ਸਕਦੀ ਹੁੰਦੀ ਤਾ ਅਮੀਰ ਲੋਕਾਂ ਦੇ ਦੋਹੀਂ ਹਥੀਂ ਲੱਡੂ ਹੁੰਦੇ। ਇਥੇ ਐਸ਼ ਬਹਾਰਾਂ ਕਰਦੇ ਤੇ ਪਾਠੀਆ ਤੋਂ ਪਾਠ ਕਰਵਾ ਕਰਵਾ ਕੇ ਅਗਲੇ ਜਹਾਨ ਦੇ ਸੁਖ ਵੀ ਪ੍ਰਾਪਤ ਕਰਦੇ। ਇਸ ਤਰ੍ਹਾਂ ਅਮੀਰਾਂ ਨੇ ਰੱਬ ਨੂੰ ਮੁੱਲ ਹੀ ਖਰੀਦ ਲਿਆ ਹੁੰਦਾ। ਲਾਲੋ ਜੇਹੇ ਗਰੀਬ ਪਰ ਨੇਕ ਕਮਾਈ ਕਰ ਕੇ ਪ੍ਰਭੂ ਨੂੰ ਯਾਦ ਕਰਨ ਵਾਲਿਆਂ ਪਾਸ ਗੁਰੂ ਨਾਨਕ ਦੇਵ ਜੀ ਦਾ ਠਹਿਰਨਾਂ, ਮਲਕ ਭਾਗੋ ਦੇ ਅੰਨ ਨੂੰ ਪਰਵਾਨ ਨ ਕਰਨਾ ਸਾਬਤ ਕਰਦਾ ਹੈ ਕਿ ਧਰਮ ਦੀ ਕਿਰਤ ਵਿਚੋਂ ਵੰਡ ਕੇ ਛਕਣਾਂ ਤੇ ਆਪ ਨਾਮ ਜਪਣਾ ਹੀ ਲਾਭਦਾਇਕ ਹੋ ਸਕਦਾ ਹੈ।

(੩) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੮੨ ਤੇ ਲਿਖਿਆ ਹੋਇਆ ਹੈ :-

ਬਾਣੀਂ ਗੁਰੂ, ਗੁਰੂ ਹੈ ਬਾਣੀ ॥

ਜੇ ਅਸੀ ਬਾਣੀ ਨੂੰ ਗੁਰੂ ਮੰਨਦੇ ਹਾਂ ਤਾਂ ਬਾਣੀ ਦਾ ਵੇਚਣਾ ਗੁਰੂ ਦੇ ਵੇਚਣ ਬਰਾਬਰ ਹੋਵੇਗਾ। ਜੋ ਗੁਰੂ ਦੀ ਬਾਣੀ ਨੂੰ ਵੇਚ ਕੇ ਖਾਂਦੇ ਹਨ ਜਾਂ ਵੇਚਣ ਦੇ ਵਪਾਰ ਵਿਚ ਦਲਾਲ ਬਣ ਕੇ ਮੁਨਾਫੇ ਦੇ ਹਿੱਸੇਦਾਰ ਹੁੰਦੇ ਹਨ ਕੀ ਉਹ ਅਪਰਾਧੀ ਨਹੀਂ ? ਕੀ ਇਹ ਗੁਰੂ ਤੋਂ ਬੇ-ਮੁਖ ਹੋਣ ਵਾਲੀ ਗੱਲ ਨਹੀਂ ?

ਦਰਅਸਲ ਅਸੀਂ ਭੁਲਦੇ ਜਾ ਰਹੇ ਹਾਂ ਕਿ ਪਰਮਾਰਥ ਦਾ ਭਾਰ ਹਰ ਕਿਸੇ ਨੇ ਆਪਣਾ ਆਪਣਾ ਹੀ ਚੁਕਣਾ ਹੈ । ਇਹ ਕੰਮ ਦੂਜੇ ਦੇ ਹਥੋਂ ਨਹੀ ਹੋ ਸਕਦਾ । ਇਸੇ ਵਾਸਤੇ ਮਹਾਰਾਜ ਜੀ ਪੰਨਾ ੪੭੮ ਤੇ ਫੁਰਮਾਉਂਦੇ ਹਨ : –

ਆਪਣ ਹਥੀ ਆਪਣਾ, ਆਪੇ ਹੀ ਕਾਜ ਸਵਾਰੀਐ ॥

ਸੋ ਗੁਰੂ ਦੇ ਸਿੱਖ ਅਖਵਾਉਣ ਵਾਲਿਆਂ ਦਾ ਫਰਜ ਬਣਦਾ ਹੈ ਕਿ ਮਹਾਰਾਜ ਦੀ ਬਾਣੀ ਆਪ ਪੜ੍ਹਨ । ਥੁਹੜੀ ਪੜ੍ਹਨ ਸੁਣਨ ਬਹੁਤੀ ਪਰ ਸਮਝ ਕੇ, ਭਾਵ ਅਰਥਾਂ ਵਲ ਧਿਆਨ ਕਰ ਕੇ ਪੜ੍ਹਨ ਤੇ ਫਿਰ ਉਸ ਨੂੰ ਜੀਵਨ ਵਿਚ ਘਟਾਉਣ (ਅਮਲ ਕਰਨ) ਦਾ ਯਤਨ ਕਰਨ। ਇਸ ਤਰ੍ਹਾਂ ਜੀਵਨ ਵਿਚ ਤਬਦੀਲੀ ਆਏਗੀ, ਬੇੜਾ ਪਾਰ ਹੋਏਗਾ, ਜੀਵਨ ਸਫਲ ਹੋਏਗਾ ।

## ਗਲ ਮੱਖਣ ਸ਼ਾਹ ਦੀ ਚਲ ਰਹੀ ਸੀ

ਮੱਖਣ ਸ਼ਾਹ ਨੇ ਮਾਲ ਅਸਬਾਬ ਵੇਚ ਕੇ ਬਹੁਤ ਧਨ ਕਮਾਇਆ ਅਤੇ ਦਸਵੰਧ ਗੁਰੂ ਨਮਿਤ ਕੱਢਿਆ ।

'ਸੂਰਜ ਪ੍ਰਕਾਸ਼' ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ :–

ਬਹੁ ਧਨ ਲਾਭ ਬਨਜ ਤੇ ਆਵਾ ।
ਤਿਹ ਦਸਵੰਧ ਕੋ ਮੈ ਨਿਕਸਾਵਾ ।

ਦਸਵੰਧ ਦੀ ਰਕਮ ਲੈ ਕੇ ਉਹ ਸਾਰੇ ਪਰਵਾਰ ਤੇ ਕਈ ਆਪਣੇ ਕਰਮਚਾਰੀਆਂ ਸਮੇਤ ਗੁਰੂ ਦਰਸ਼ਨਾਂ ਲਈ ਦਿੱਲੀ ਪੁੱਜਾ । ਕਿਉਂਕਿ ਉਸ ਨੂੰ ਅਠਵੇਂ ਪਾਤਸ਼ਾਹ ਦਾ ਦਿੱਲੀ ਵਿਚ ਹੋਣ ਬਾਰੇ ਪਤਾ ਸੀ । ਪਰ ਜਦ ਦਿੱਲੀ ਆ ਕੇ ਮਹਾਰਾਜ ਦੇ ਜੋਤੀ ਜੋਤ ਸਮਾਉਣ ਅਤੇ ਨੌਵੇਂ ਗੁਰੂ ਜੀ ਦਾ ਬਕਾਲੇ ਵਿਚ ਹੋਣ ਦੀ ਗੱਲ ਦਾ ਪਤਾ ਲਗਾ ਤਾਂ ਉਹ ਦਿੱਲੀ

ਤੋਂ ਬਕਾਲੇ ਪੁੱਜਾ ।

ਬਕਾਲੇ ਨਗਰ ਤੋਂ ਬਾਹਰ ਜਦ ਇਸ ਨੇ ਆਪਣਾ ਟਿਕਾਣਾ ਕੀਤਾ ਤਾਂ ਉਸ ਨੂੰ ਪਤਾ ਲਗਾ ਕਿ ਇਥੇ ੨੨ ਗੁਰੂ ਬਣੀ ਬੈਠੇ ਹਨ ਅਤੇ ਇਨ੍ਹਾਂ ਵੱਖ ਵੱਖ ਬਣਾਉਟੀ ਗੁਰੂਆਂ ਦੇ ਵੱਖ ਵੱਖ ਹਾਮੀ (ਏਜੰਟ) ਇਸ ਨੂੰ ਆਪਣੇ ਵਲ ਪ੍ਰੇਰਨ ਲਗੇ ।

ਮੱਖਣ ਸ਼ਾਹ ਸਭ ਦੀ ਸੁਣਦਾ ਰਿਹਾ । ਉਹ ਸਮਝਦਾ ਸੀ ਕਿ ਗੁਰੂ ਤਾਂ ਦਾਤਾ ਹੁੰਦਾ ਹੈ ਪਰ ਇਹ ਤਾਂ ਸਾਰੇ ਮੰਗਤਿਆਂ ਵਾਂਗ ਆਪੋ ਆਪਣੇ ਵੱਲ ਕਰਨ ਲਈ ਪ੍ਰੇਰਦੇ ਹਨ । ਗੁਰੂ ਮੰਗਤਾ ਨਹੀਂ ਹੋ ਸਕਦਾ। ਉਸ ਨੇ ਸੋਚਿਆ ਕਿ ਦਸਵੰਧ ਠੀਕ ਥਾਂ ਤੇ ਪੁਜਣਾ ਚਾਹੀਦਾ ਹੈ । ਮਨ ਵਿਚ ਸੋਚ ਸੋਚ ਕੇ ਅਖੀਰ ਉਸ ਵਿਚਾਰਆ ਕਿ ਜੋ ਸੱਚਾ ਗੁਰੂ ਹੋਵੇਗਾ, ਮੇਰੇ ਜਹਾਜ਼ ਦੀ ਘਟਣਾ ਦਸ ਕੇ ਦਸਵੰਧ ਦੀ ਸਾਰੀ ਰਕਮ ਉਹ ਆਪ ਮੰਗ ਲਵੇਗਾ ਉਸ ਨੇ ਦੋ ਦੋ ਮੁਹਰਾਂ ਸਭ ਅਖੌਤੀ ਗੁਰੂਆਂ ਅੱਗੇ ਰਖਣੀਆਂ ਸ਼ੁਰੂ ਕੀਤੀਆਂ ।

ਸਭ ਨੇ ਵਧ ਗੜ੍ਹ ਕੇ ਅਸੀਸਾਂ ਦਿੱਤੀਆਂ । ਕਿਸੇ ਰੇਸ਼ਮੀ ਸਰੋਪਾ ਦਿੱਤਾ । ਕਿਸੇ ਨੇ ਹੋਰ ਤਰ੍ਹਾਂ ਨਾਲ ਆਦਰ, ਪਰ ਮਖੱਣ ਸ਼ਾਹ ਨੂੰ ਜਹਾਜ਼ ਦੀ ਵਾਰਤਾ ਅਤੇ ਦਸਵੰਧ ਦੀ ਗੱਲ ਕਿਸੇ ਨ ਸੁਣਾਈ । ਪੂਰੇ ਗੁਰੂ ਤੋਂ ਬਿਨਾਂ ਸੁਣਾਂ ਵੀ ਕੌਣ ਸਕਦਾ ਸੀ ?

ਅੰਤ ਜਦ ਉਸ ਨੂੰ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਪਤਾ ਲਗਾ ਕਿ ਅਠਵੇਂ ਪਾਤਸ਼ਾਹ ਦੇ ਬਕਾਲੇ ਵਲ ਇਸ਼ਾਰਾ ਕਰਨ ਸਮੇਂ, ਇਹੋ ਹੀ ਬਕਾਲੇ ਵਿਚ ਰਹਿੰਦੇ ਸਨ, ਬਾਕੀ ਸਾਰੇ ਮਗਰੋਂ ਆਏ ਹਨ ਤਾਂ ਉਹ ਇਕੱਲਾ ਹੀ ਗੁਰੂ ਦਰਬਾਰ 'ਚ ਹਾਜ਼ਰ ਹੋਇਆ । ਜਦ ਉਸ ਨੇ ਦੋ ਮੁਹਰਾਂ ਰਖੀਆਂ ਤਾਂ ਉਸ ਵੇਲੇ ਮਹਾਰਾਜ ਨੇ ਚੁੱਪ ਰਹਿਣਾ ਠੀਕ ਨ ਸਮਝਿਆ । ਆਪ ਜੀ ਨੇ ਸਹਿਜੇ ਹੀ ਫਰਮਾਇਆ ਕਿ ਸਮੁੰਦਰ ਵਿਚ ਜਹਾਜ਼ ਫਸ ਜਾਣ ਸਮੇਂ ਅਰਦਾਸ ਨਾਲ ਜੋ ਸੰਕਲਪ ਦਸਵੰਧ

ਦੇਣ ਦਾ ਕੀਤਾ ਸੀ, ਉਹ ਪੂਰਾ ਕਰਨਾ ਬਣਦਾ ਹੈ । ਉਸ ਨੂੰ ਕੋਲ ਨਹੀ ਰਖਣਾ ਚਾਹੀਦਾ ।

(ਮਹਿਮਾ ਪ੍ਰਕਾਸ਼ ਦੇ ਕਰਤਾ ਨੇ ਤਾਂ ਇਹ ਵੀ ਲਿਖਿਆ ਹੈ ਕਿ ਮਹਾਰਾਜ ਨੇ ਉਸ ਵੇਲੇ ਆਪਣੇ ਮੋਢੇ ਦੀ ਚੋਟ ਵੀ ਵਿਖਾਈ ਜੋ ਕਿ ਜਹਾਜ਼ ਕੱਢਣ ਵੇਲੇ ਲੱਗੀ ਸੀ ।)

ਮੱਖਣ ਸ਼ਾਹ ਹੱਥ ਜੋੜ ਕੇ ਨਿਮ੍ਰਤਾ ਨਾਲ ਬੇਨਤੀ ਕਰਨ ਲੱਗਾ, ਮਹਾਰਾਜ ! ਆਪ ਦਾ ਲੱਖ ਲੱਖ ਸ਼ੁਕਰ ਹੈ, ਤੁਸੀਂ ਸਮੁੰਦਰ ਵਿਚ ਡੁਬਦੇ ਨੂੰ ਜਿਥੇ ਬਚਾਇਆ ਸੀ, ਉਥੇ ਹੁਣ ਭਟਕਦੇ ਹੋਏ ਨੂੰ ਵੀ ਟਿਕਾ ਦਿੱਤਾ ਹੈ ....ਆਦਿ । ਇਸ ਤਰ੍ਹਾਂ ਸ਼ੁਕਰ ਸ਼ੁਕਰ ਕਰਦਾ ਉਹ ਆਪਣੇ ਟਿਕਾਣੇ ਤੇ ਵਾਪਸ ਚਲਾ ਗਿਆ ਕਿਉਂਕਿ ਕਾਫੀ ਹਨੇਰਾ ਹੋ ਗਿਆ ਸੀ । ਰਾਤੋ ਰਾਤ ਉਸ ਨੇ ਇਕ ਬਹੁਤ ਸੁੰਦਰ ਪੁਸ਼ਾਕਾ ਤਿਆਰ ਕਰਵਾਇਆ ਅਤੇ ਸਵੇਰੇ ਸਾਰ ਆਪਣੇ ਪਰਵਾਰ ਸਮੇਤ ਮਹਾਰਾਜ ਦੇ ਦਰਬਾਰ ਹਾਜ਼ਰ ਹੋਇਆ । ਪੁਸ਼ਾਕਾ ਸਤਿਕਾਰ ਨਾਲ ਪਹਿਨਾਇਆ ਗਿਆ । ਦਸਵੰਧ ਦੀ ਸਾਰੀ ਭੇਟਾ ਤੇ ਹੋਰ ਬੇਅੰਤ ਕੀਮਤੀ ਭੇਟਾਵਾਂ ਹਾਜਰ ਕੀਤੀਆਂ। ਹੋਰ ਨਾਲ ਆਇਆਂ ਨੇ ਵੀ ਯਥਾ-ਸ਼ਕਤ ਮਾਇਆ ਹਾਜਰ ਕੀਤੀ । ਇਧਰ ਮਹਾਰਾਜ ਜਦ ਅੰਦਰੋਂ ਵਿਹੜੇ 'ਚ ਆਏ ਤਾਂ ਇਸ ਨੇ ਪ੍ਰੇਮ ਵਸ ਕੋਠੇ ਚੜ੍ਹ ਕੇ ਉੱਚੀ ਉੱਚੀ ਕਹਿਣਾ ਸ਼ੁਰੂ ਕਰ ਦਿੱਤਾ :—

..........ਚੜ੍ਹ ਉਚੇ ਮੰਦਰ ਏਹ ਸੁਣਾਇਆ ।
ਆਵੋ ਗੁਰਸਿਖੋ, ਮੈਂ ਸਤਿਗੁਰ ਲਾਧਾ ॥
ਜਾ ਕੀ ਮਹਿਮਾਂ ਅਗਮ ਅਗਾਧਾ ॥

ਭਾਵੇਂ ਕੁਝ ਚਿਰ ਪਹਿਲਾਂ ਦਿੱਲੀ ਤੋਂ ਆਈ ਸੰਗਤ ਭਾ: ਦਰਗਾਹ ਮਲ ਜੀ ਦੀ ਅਗਵਾਈ ਵਿਚ ਬਾਬਾ ਬੁਢਾ ਜੀ ਦੇ ਪੋਤੇ ਬਾ: ਗੁਰਦਿਤਾ ਜੀ ਤੋਂ ਗੁਰੂ ਤੇਗ ਬਹਾਦਰ ਜੀ ਨੂੰ ਗੁਰ ਗੱਦੀ ਉਤੇ ਬਿਠਾਉਣ ਦੀ ਰਸਮ ਕਰ ਚੁੱਕੀ ਸੀ ਪਰ ਇਸ ਵਾਰਤਾ ਨੇ ਸਿਖ ਸੰਗਤਾਂ ਵਿਚ ਗੁਰੂ

ਸਾਹਿਬ ਦੇ ਪ੍ਰਗਟ ਹੋਣ ਬਾਰੇ ਕੋਈ ਭੁਲੇਖਾ ਬਾਕੀ ਨ ਰਹਿਣ ਦਿਤਾ। ਹੁਣ ਸੰਗਤਾਂ ਦੂਰ ਨੇੜਿਓਂ ਬੜੇ ਉਤਸ਼ਾਹ ਨਾਲ ਵਧ ਚੜ੍ਹ ਕੇ ਪੁਜਣ ਲਗ ਪਈਆਂ ਅਤੇ ਦਰਸ਼ਨ ਕਰ ਕੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਲਗ ਪਈਆਂ। ਕੜਾਹ ਪ੍ਰਸ਼ਾਦ ਅਤੇ ਲੰਗਰ ਆਦਿ ਦੀਆਂ ਦੇਗਾਂ ਵੀ ਖੂਬ ਤਿਆਰ ਹੋਣ ਲਗ ਪਈਆਂ।

ਪਰ ਗੁਰੂ ਘਰ ਦੇ ਨਿੰਦਕ ਧੀਰ ਮਲ ਦੀ ਅਗਵਾਈ ਹੇਠ ਕਈ ਗੋਂਦਾ ਗੁੰਦਣ ਲੱਗੇ। ਕਿਉਂਕਿ ਅਸਲ ਗੁਰੂ ਦੇ ਪ੍ਰਗਟ ਹੋਣ ਨਾਲ ਉਨ੍ਹਾਂ ਦੀ ਪੁਛ ਪ੍ਰਤੀਤ ਘਟਨੀ ਸ਼ੁਰੂ ਹੋ ਗਈ ਸੀ। ਉਨਾਂ ਵਿਚੋਂ ਸ਼ੀਹੇ ਮਸੰਦ ਨੇ ਧੀਰ ਮਲ ਨੂੰ ਭੜਕਾਉਂਦਿਆ ਹੋਇਆ ਕਿਹਾ ਕਿ ਉਨ੍ਹਾਂ (ਗੁਰੂ ਤੇਗ ਬਹਾਦਰ ਜੀ) ਨੂੰ ਜਿਤਨੀ ਅੱਜ ਭੇਟਾ ਚੜ੍ਹੀ ਹੈ ਤੈਨੂੰ ਸ਼ਾਇਦ ਸਾਰੀ ਉਮਰ ਨ ਚੜ੍ਹੇ ਆਦਿ।

ਇਸ ਤਰ੍ਹਾਂ ਚੰਡਾਲ ਚੌਕੜੀ ਨੇ ਜੋ ਕਾਰਾ ਬਾਅਦ ਵਿਚ ਕੀਤਾ, ਸੰਗਤਾਂ ਜਾਣਦੀਆਂ ਹੀ ਹੋਣਗੀਆਂ ਕਿ ਕਿਸ ਤਰ੍ਹਾਂ ਸ਼ੀਹੇਂ ਮਸੰਦ ਨੇ ਗੁਰੂ ਜੀ ਉਤੇ ਗੋਲੀ ਚਲਾਈ, ਪਰ ਮਹਾਰਾਜ ਦੇ ਮਸਤਕ ਦੇ ਹਿੱਲ ਜਾਣ ਨਾਲ ਗੋਲੀ ਜ਼ਖਮ ਕਰਕੇ ਪਾਸੇ ਨੂੰ ਤਿਲਕ ਗਈ। ਫਿਰ ਕਿਸ ਤਰ੍ਹਾਂ ਗੁਰੂ ਘਰ ਦਾ ਸਾਰਾ ਸਾਮਾਨ ਲੁਟਿਆ ਗਿਆ......... ਜਿਸ ਨੂੰ ਮੱਖਣ ਸ਼ਾਹ ਦੇ ਹਥਿਆਰ ਬੰਦ ਕਰਮਚਾਰੀਆਂ ਮੋੜ ਕੇ ਲਿਆਂਦਾ।

ਮਹਾਰਾਜ ਦਾ ਉਨਾਂ ਨੂੰ ਮਾਫ ਕਰ ਦੇਣਾ ਅਤੇ ਕੁਝ ਚਿਰ ਮਗਰੋਂ ਚੱਕ ਬੇਬੇ ਨਾਨਕੀ (ਅਨੰਦਪੁਰ ਸਾਹਿਬ) ਵਸਾਉਣਾ, ਵਖਰੀਆਂ ਸਾਖੀਆ ਹਨ।

## ਬੇੜੀ-ਬੇੜਾ

ਲਕੜ-ਲੋਹੇ ਦੀ ਬਣੀ ਹੋਈ ਕਿਸ਼ਤੀ, ਬੇੜੀ ਜਾਂ ਬੇੜੇ ਨੇ ਜਿਸ ਤਰ੍ਹਾਂ

ਦਰਿਆ ਜਾਂ ਸਮੁੰਦਰ ਨੂੰ ਪਾਰ ਕਰਨਾ ਹੁੰਦਾ ਹੈ ਉਸੇ ਤਰ੍ਹਾਂ ਸਾਡਾ ਇਹ ਮਨੁੱਖੀ ਜੀਵਨ ਵੀ ਐਸੀ ਕਿਸ਼ਤੀ ਸਮਾਨ ਮੰਨਿਆ ਗਿਆ ਹੈ ਜਿਸ ਨੇ ਸੰਸਾਰ ਸਮੁੰਦਰ ਤੋਂ ਪਾਰ ਹੋਣਾ ਹੁੰਦਾ ਹੈ।

ਇਹ ਜੀਵਨ-ਯਾਤਰਾ ਤਾਂ ਹੀ ਸਫਲੀ ਹੋਏਗੀ—ਤਾਂ ਹੀ ਸੰਸਾਰ ਸਮੁੰਦਰ ਤੋਂ ਪਾਰ ਹੋਇਆ ਜਾ ਸਕੇਗਾ ਅਤੇ ਕਾਰਜ ਵੀ ਰਾਸ ਤਾਂ ਹੋਣਗੇ ਜੇ ਅਸੀਂ ਗੁਰੂ (ਜਹਾਜ਼) ਦੇ ਦਰਸਾਏ ਹੋਏ ਤਰੀਕੇ ਅਨੁਸਾਰ ਮੱਖਣ ਸ਼ਾਹ ਦੀ ਤਰ੍ਹਾਂ ਮਨ ਚਿਤ ਇਕਾਗਰ ਹੋ ਕੇ ਬਾਣੀ ਪੜ੍ਹਾਂਗੇ ਬਾਣੀ ਸਮਝਾਂਗੇ ਤੇ ਉਸ ਅਨੁਸਾਰ ਹੀ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕਰਾਂਗੇ।

ਇਕਾਗਰ ਚਿਤ ਹੋ ਕੇ ਬਾਣੀ ਪੜ੍ਹਨੀ ਕੋਈ ਸੌਖੀ ਗੱਲ ਨਹੀਂ। ਇਸ ਲਈ ਵੀ ਲਗਾਤਾਰ ਅਭਿਆਸ ਤੇ ਚੰਗੀ ਮਿਹਨਤ ਦੀ ਲੋੜ ਹੈ ਅਤੇ ਨਾਲ ਦੀ ਨਾਲ ਕਮਾਈ ਵੀ ਨੇਕ ਕਰਨੀ ਪਵੇਗੀ ਅਤੇ ਉਸ ਵਿਚੋਂ ਦਸਵੰਧ ਵੀ ਦੇਣ ਦੀ ਆਦਤ ਪਾਉਣੀ ਪਵੇਗੀ।

ਦਸਵੰਧ ਵੀ ਦੋ ਪ੍ਰਕਾਰ ਦਾ ਕਢਣਾ ਮੰਨਿਆ ਗਿਆ ਹੈ :—

(੧) ਆਪਣੀ ਨੇਕ ਆਮਦਨ ਦਾ (੨) ਸਮੇਂ ਦਾ

ਨੇਕ ਕਮਾਈ ਵਿਚੋਂ ਦਸਵੰਧ ਦੇਣ ਲਈ ਮਹਾਰਾਜ ਨੇ ਜਿਥੇ "ਗਰੀਬ ਦਾ ਮੂੰਹ ਗੁਰੂ ਕੀ ਗੋਲਕ" ਕਿਹਾ ਹੈ, ਉਥੇ ਬਾਣੀ ਵਿੱਚ "ਅਕਲੀ ਕੀਚੈ ਦਾਨ" ਵੀ ਲਿਖਿਆ ਹੋਇਆ ਅੱਜ ਸਮਾਂ ਮੰਗ ਕਰਦਾ ਹੈ ਕਿ ਆਪਣੀ ਨੇਕ ਕਮਾਈ ਵਿਚੋਂ ਧਰਮ ਅਰਥ ਕਢੀ ਮਾਇਆ ਜਾਂ ਦਸਵੰਧ ਦੇਣ ਲਗਿਆ ਹੇਠ ਲਿਖੇ ਵੀਚਾਰਾਂ ਵਲ ਜੇ ਧਿਆਨ ਕਰੀਏ ਤਾਂ ਕੌਮ ਵਿਚ ਠੋਸ ਪ੍ਰਚਾਰ ਤੇ ਸੁਧਾਰ ਹੋ ਸਕਦਾ ਹੈ।

(੧) ਗਰੀਬ-ਲੋੜਵੰਦ ਖਾਸ ਕਰਕੇ ਗੁਰਸਿੱਖਾਂ ਦੀ ਸਹਾਇਤਾ ਕਰਨੀ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ ਉਤੇ ਖੜਾ ਕਰਨ ਯੋਗ ਕਰਨਾ।

(੨) ਪੜ੍ਹਨ ਵਾਲੇ ਲੋੜਵੰਦ ਬੱਚੇ-ਬੱਚੀਆਂ ਨੂੰ ਪੜ੍ਹਾਈ ਜਾਰੀ ਰਖਣ ਲਈ ਸਹੂਲਤਾਂ ਦੇਣੀਆਂ।

(੩) ਗੁਰਬਾਣੀ ਕੰਠ ਕਰਨ ਵਾਲੇ ਜਾਂ ਹੋਰ ਧਾਰਮਕ ਰੁਚੀ ਰਖਣ ਵਾਲੇ ਬੱਚਿਆਂ ਨੂੰ ਉਤਸ਼ਾਹਤ ਕਰਨ ਲਈ ਯੋਗ ਇਨਾਮ ਤੇ ਵਜ਼ੀਫੇ ਦੇਣੇ ।

(੪) ਹਰ ਪਿੰਡ ਤੇ ਸ਼ਹਿਰ ਵਿਚ ਧਾਰਮਕ ਲਾਇਬਰੇਰੀਆਂ ਸ਼ੁਰੂ ਕਰਨੀਆਂ ਤੇ ਕਰਾਉਣੀਆਂ ।

(੫) ਇਸ ਤਰ੍ਹਾਂ ਦੇ ਛੋਟੇ ਛੋਟੇ ਟ੍ਰੈਕਟ ਪ੍ਰਚਾਰ ਹਿਤ ਦੂਰ ਨੇ-ੜੇ ਪਿੰਡਾਂ ਸ਼ਹਿਰਾਂ ਵਿੱਚ ਫਰੀ ਵੰਡਣੇ ਵੰਡਾਉਣੇ, ਜਿਸ ਨਾਲ ਧਰਮ ਪ੍ਰਚਾਰ ਵਿਚ ਵਾਧਾ ਹੋਵੇ ।

(੬) ਗੁਰਬਾਣੀ ਦੇ ਗੁਟਕੇ-ਸਟੀਕ ਤੇ ਹੋਰ ਧਾਰਮਕ ਪੁਸਤਕਾਂ (ਲਿਟਰੇਚਰ) ਫਰੀ ਜਾਂ ਬਹੁਤ ਥੁਹੜੇ ਮੁੱਲ ਤੇ (ਪਿੰਡਾਂ ਵਿਚ ਖਾਸ ਕਰਕੇ) ਵੰਡਣਾ ਆਦਿ ।

II ਸਮੇਂ ਦਾ ਦਸਵੰਧ — ੨੪ ਘੰਟਿਆਂ ਵਿਚੋਂ ਢਾਈ ਘੰਟੇ ਘਟੋ-ਘਟ, ਹਰ ਰੋਜ ਨਾਮ ਜਪਣ, ਗੁਰਬਾਣੀ ਵੀਚਾਰ ਨਾਲ ਪੜ੍ਹਨ ਸੁਣਨ, ਸਮਝਣ ਅਤੇ ਅਮਲ ਕਰਨਾ ਅਦੇ ਪ੍ਰਚਾਰਨ ਹਿਤ ਸਮਾਂ ਕਢਣਾ, ਸਭ ਸਿੱਖ ਅਖਵਾਉਣ ਵਾਲਿਆਂ ਲਈ ਜ਼ਰੂਰੀ ਬਣਦਾ ਹੈ । ਇਸ ਤਰ੍ਹਾਂ ਕਰਦਿਆਂ ਜਿਥੇ ਸਾਡੇ ਸਾਰੇ ਕਾਰਜ਼ ਗੁਰੂ ਮਹਾਰਾਜ ਰਾਸ ਕਰਨਗੇ, ਉਥੇ ਸੰਸਾਰ ਸਾਗਰ ਤੋਂ ਸਾਡਾ ਬੇੜਾ ਵੀ ਪਾਰ ਕਰਨਗੇ ਅਤੇ ਜ਼ਰੂਰ ਕਰਨਗੇ ।

ਇਹੋ ਜਿਹੇਂ ਟ੍ਰੈਕਟ ੪੦/- ਸੈਂਕੜਾ (ਡਾਕ ਖਰਚ ਸਮੇਤ) ਮੰਗਵਾਉਣ ਲਈ ਮਾਇਆ ਮਨੀਆਰਡਰ ਜਾਂ ਬੈਂਕ ਡਰਾਫਟ ਸ: ਦੀਦਾਰ ਸਿੰਘ C-129 ਵਿਕਾਸ ਕਾਲੋਨੀ ਪਟਿਆਲਾ ੧੪੭੦੦੧ ਦੇ ਨਾਂ ਭੇਜ ਸਕਦੇ ਹੋ ।

SUNDER PRINTER-524389, 528478